# ਇੰਟਰਵਿਊ ਦਾ ਅਰਥ

ਇੰਟਰਵਿਊ ਦਾ ਸਾਧਾਰਨ ਅਰਥ ਉਨ੍ਹਾਂ ਵਿਅਕਤੀਆਂ ਨਾਲ ਮਿਲਣਾ ਅਤੇ ਰਸਮੀ ਗੱਲਬਾਤ ਕਰਨਾ ਹੈ ਜਿਨ੍ਹਾਂ ਨੂੰ ਕਿਸੇ ਵਿਸ਼ੇਸ਼ ਘਟਨਾ ਬਾਰੇ ਜਾਣਕਾਰੀ ਹੁੰਦੀ ਹੈ ਜਾਂ ਫਿਰ ਉਸ ਘਟਨਾ ਨਾਲ ਹੀ ਪ੍ਰਤੱਖ ਰੂਪ ਵਿੱਚ ਸੰਬੰਧਿਤ ਹੁੰਦੇ ਹਨ। ਇੰਟਰਵਿਊ ਸਾਧਾਰਨ-ਰੂਪ ਵਿਚ ਇੰਟਰਵਿਊ ਕਰਤਾ ਅਤੇ ਇੰਟਰਵਿਊ ਦੇਣ ਵਾਲੇ ਦੇ ਵਿਚਕਾਰ ਆਹਮਣੇ -ਸਾਹਮਣੇ ਬੈਠਕ ਦੀ ਇਕ ਉਦੇਸ਼ ਪੂਰਨ ਸਥਿਤੀ ਹੁੰਦੀ ਹੈ।



# ਇੰਟਰਵੀਊ ਦੀ ਪਰਿਭਾਸ਼ਾ

- ਗੁੱਡੇ ਅਤੇ ਹਾਟ ਦੇ ਅਨੁਸਾਰ,
- "ਇੰਟਰਵੀਊ ਮੌਲਿਕ ਰੂਪ ਵਿਚ ਇਕ ਸਮਾਜਿਕ ਅੰਤਰਕਿਰਿਆ ਹੈ।"
- ਐਮ. ਐੱਨ. ਵਾਸ ਦੇ ਅਨੁਸਾਰ,
- "ਇੰਟਰਵਿਊ ਕਿਸੇ ਵਿਸ਼ੇ ਦੇ ਸਬੰਧ ਵਿੱਚ ਦੋ ਵਿਅਕਤੀਆਂ ਦੁਆਰਾ ਪ੍ਰਤੱਖ ਰੂਪ ਵਿੱਚ ਮਿਲਣ ਵਾਲੀ ਸਥਿਤੀ ਹੈ।"

# ਇੰਟਰਵਿਊ ਦੀ ਵਿਧੀ

- ਪ੍ਰਸੰਗਿਕ ਅਤੇ ਵਾਸਤਵਿਕ ਜਾਣਕਾਰੀ ਪ੍ਰਾਪਤ ਕਰਨ ਲਈ ਇੰਟਰਵਿਊ ਕਿਵੇਂ ਕੀਤੀ ਜਾਣੀ ਚਾਹੀਦੀ ਹੈ? ਇਸ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਇੰਟਰਵਿਊ ਕਰਨ ਲਈ ਵੀ ਇਕ ਵਿਸ਼ੇਸ਼ ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ। ਇੰਟਰਵਿਊ ਦੀ ਪ੍ਰਕਿਰਿਆ ਦੇ ਕਈ ਪੜਾਅ ਹਨ ਇਨ੍ਹਾਂ ਦਾ ਵਰਨਣ ਸੰਖੇਪ ਵਿੱਚ ਹੇਠ ਪ੍ਰਕਾਰ ਕੀਤਾ ਜਾ ਸਕਦਾ ਹੈ :-

# ਇੰਟਰਵਿਊ ਦੀ ਤਿਆਰੀ ਅਤੇ ਯੋਜਨਾ ਬਣਾਉਣਾ

- ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਇੰਟਰਵਿਊ ਸਬੰਧੀ ਇਕ ਵਿਸਤ੍ਰਿਤ ਯੋਜਨਾ ਬਣਾ ਲਈ ਜਾਵੇ। ਇਸ ਯੋਜਨਾ ਵਿੱਚ ਪ੍ਰਾਪਤ ਕੀਤੀ ਜਾਣ ਵਾਲੀ ਸੂਚਨਾ ਦਾ ਖੇਤਰ ਦੇ ਪਿਛੋਕੜ ਸੰਬੰਧੀ ਜਾਣਕਾਰੀ ਪ੍ਰਾਪਤ ਕਰਨਾ, ਉੱਤਰਦਾਤਾਵਾਂ ਦੀ ਸੂਚੀ ਤਿਆਰ ਕਰਨਾ ਅਤੇ ਉਨ੍ਹਾਂ ਦੇ ਵਿਸ਼ਵਾਸ਼ਾਂ, ਰੁਚੀਆਂ ਤੇ ਵਿਸ਼ੇਸ਼ ਖੇਤਰ ਸਬੰਧੀ ਜਾਣਕਾਰੀ ਦਾ ਪਤਾ ਲਾਉਣਾ, ਇੰਟਰਵਿਊ ਲਈ ਸਮਾਂ ਅਤੇ ਸਥਾਨ ਨਿਸ਼ਚਿਤ ਕਰਨਾ, ਇੰਟਰਵਿਊ ਅਨੁਸੂਚੀ ਬਣਾਉਣਾ ਰਿਕਾਰਡਿੰਗ ਦੀ ਪ੍ਰਣਾਲੀ ਨਿਸ਼ਚਿਤ ਕਰਨਾ ਆਦਿ ਸ਼ਾਮਿਲ ਹੈ।ਇੰਟਰਵਿਊ ਦੀ ਤਿਆਰੀ ਲਈ ਇਹ ਜ਼ਰੂਰੀ ਹੈ ਕਿ ਖੋਜ ਵਿਗਿਆਨੀ ਦੁਆਰਾ ਅਧਿਐਨ ਅਧੀਨ ਸਮੱਸਿਆ ਸਬੰਧੀ ਪੂਰਨ ਜਾਣਕਾਰੀ ਵੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ। ਕੁਝ ਵਿਦਵਾਨਾਂ ਦਾ ਇਹ ਵੀ ਮੰਨਣਾ ਹੈ ਕਿ ਸਮੱਸਿਆ ਦੀ ਪੂਰਨ ਜਾਣਕਾਰੀ ਪ੍ਰਾਪਤ ਕਰਨ ਮਗਰੋਂ ਖੋਜ ਵਿਗਿਆਨੀ ਦੁਆਰਾ ਇੱਕ ਇੰਟਰਵਿਊ ਗਾਇਡ ਵੀ ਤਿਆਰ ਕੀਤੀ ਜਾਣੀ ਚਾਹੀਦੀ ਹੈ। ਇੰਟਰਵੀਊ ਅਨੁਸੂਚੀ ਦੇ ਉਲਟ ਇਸ ਵਿੱਚ ਸਿਰਫ਼ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੀ ਸੂਚੀ ਨਹੀਂ ਹੁੰਦੀ ਸਗੋਂ ਇਹ ਤਾਂ ਇਕ ਅਜਿਹਾ ਦਸਤਾਵੇਜ਼ ਹੁੰਦਾ ਹੈ ਜਿਸ ਵਿੱਚ ਅਧਿਐਨ ਨਾਲ ਸਬੰਧਿਤ ਵੱਖ ਵੱਖ ਪੱਖਾਂ ਦੀ ਰੂਪ-ਰੇਖਾ ਸ਼ਾਮਿਲ ਹੁੰਦੀ ਹੈ।

# ਉੱਤਰਦਾਤਾ ਨਾਲ ਸੰਪਰਕ ਸਥਾਪਿਤ ਕਰਨਾ

- ਇੰਟਰਵਿਊ ਦੀ ਪ੍ਰਕਿਰਿਆ ਦਾ ਅਗਲਾ ਪੜਾਅ ਇਹ ਹੈ ਕਿ ਸਭ ਤੋਂ ਪਹਿਲਾਂ ਇਨ੍ਹਾਂ ਵਿਅਕਤੀਆਂ ਨਾਲ ਸੰਪਰਕ ਸਥਾਪਿਤ ਕੀਤਾ ਜਾਵੇ ਜਿਨ੍ਹਾਂ ਵਿਅਕਤੀਆਂ ਨੂੰ ਖੋਜ ਅਧੀਨ ਸਮੱਸਿਆ ਸਬੰਧੀ ਉਚਿਤ ਜਾਣਕਾਰੀ ਹੈ। ਇਸ ਮੰਤਵ ਲਈ ਉੱਤਰਦਾਤਾ ਤੋਂ ਉਸ ਦੀ ਸੁਵਿਧਾ ਅਨੁਸਾਰ ਪਹਿਲਾਂ ਤੋਂ ਹੀ ਸਮਾਂ ਲੈ ਲਿਆ ਜਾਵੇ। ਉੱਤਰਦਾਤਾ ਦੀ ਇੱਛਾ ਅਨੁਸਾਰ ਸੂਚਨਾ ਨੂੰ ਗੁਪਤ ਰੱਖੇ ਜਾਣ ਨੂੰ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਇੰਟਰਵਿਊ ਇੱਕ ਚੰਗਾ ਤੇ ਸੰਤੁਲਿਤ ਵਾਤਾਵਰਨ ਸਥਾਪਿਤ ਕਰਨ ਲਈ ਇਹ ਜ਼ਰੂਰੀ ਹੈ ਕਿ ਉੱਤਰਦਾਤਾ ਦੇ ਮਨ ਵਿੱਚ ਕਿਸੇ ਤਰ੍ਹਾਂ ਦੇ ਵਿਰੋਧ ਭਰਮ ਹੋਣ ਤਾਂ ਉਸ ਨੂੰ ਦੂਰ ਕੀਤਾ ਜਾਵੇ।

# ਇੰਟਰਵਿਊ ਨੂੰ ਸ਼ੁਰੂ ਕਰਨਾ ਅਤੇ ਸੂਚਨਾ ਦੀ ਪ੍ਰਾਪਤੀ

- ਇੰਟਰਵਿਊ ਕਰਤਾ ਨੂੰ ਨਿਰਧਾਰਿਤ ਸਥਾਨ ਉੱਤੇ ਉੱਤਰਦਾਤਾ ਨਾਲ ਨਿਸ਼ਚਿਤ ਕੀਤੇ ਗਏ ਸਰਵੇ ਅਨੁਸਾਰ ਪਹੁੰਚ ਜਾਣਾ ਚਾਹੀਦਾ ਹੈ। ਮੁਢਲੀ ਜਾਣ-ਪਹਿਚਾਣ ਮਗਰੋਂ ਵਾਸਤਵਿਕ ਰੂਪ ਵਿੱਚ ਇੰਟਰਵਿਊ ਕੀਤਾ ਜਾ ਸਕਦਾ ਹੈ। ਵਿਚਾਰਾਂ ਦੇ ਸੁਤੰਤਰ ਪਰਿਵਾਰ ਲਈ ਇਹ ਜ਼ਰੂਰੀ ਹੈ ਕਿ ਇੰਟਰਵਿਊ ਦੇ ਸ਼ੁਰੂ ਵਿੱਚ ਅਧਿਐਨ ਅਧੀਨ ਸਮੱਸਿਆ ਉੱਤੇ ਇੱਕ ਸਧਾਰਨ ਗੱਲਬਾਤ ਸ਼ੁਰੂ ਕੀਤੀ ਜਾਵੇ। ਇਸ ਸ਼ੁਰੂ ਦੀ ਅਵਸਥਾ ਵਿਚ ਇੰਟਰਵਿਊ ਕਰਤਾ ਉੱਤਰਦਾਤਾ ਨੂੰ ਖੋਜ ਅਧੀਨ ਸਮੱਸਿਆ ਜਾਂ ਵਿਸ਼ੇ ਉੱਤੇ ਆਪਣੇ ਵਿਚਾਰ ਤੇ ਅਨੁਭਵ ਪ੍ਰਗਟ ਕਰਨ ਦੀ ਖੁੱਲ੍ਹ ਦੇਵੇਂ। ਇੰਟਰਵੀਊ ਕਰਤਾ ਨੂੰ ਇਕ ਸੁਚੇਤ ਅਤੇ ਵਿਸ਼ਲੇਸ਼ਣਾਤਮਕ ਕਿਰਿਆਸ਼ੀਲ ਸੂਚਨਾਕਾਰ ਦੇ ਰੂਪ ਵਿੱਚ ਕਾਰਜ ਕਰਨਾ ਚਾਹੀਦਾ ਹੈ। ਜਿਸ ਨਾਲ ਕਿ ਉੱਤਰਦਾਤਾ ਦੇ ਉੱਤਰਾ ਅੰਦਰ ਵੀ ਅਸਪੱਸ਼ਟਤਾ, ਅੰਤਰਵਿਰੋਧ ਅਤੇ ਟਾਲ-ਮਟੋਲ ਦਾ ਵੀ ਪਤਾ ਲੱਗ ਸਕੇ।ਖੋਜ ਵਿਗਿਆਨੀ ਦੁਆਰਾ ਉੱਤਰਦਾਤਾ ਨੂੰ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਜੋ ਕਿ ਜਾਣਕਾਰੀ ਉਸ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਹੈ ਉਹ ਅਤਿ ਮਹੱਤਵਪੂਰਨ ਹੈ।

ਖੋਜ ਵਿਗਿਆਨੀ ਦੁਆਰਾ ਪ੍ਰਸ਼ਨ ਪੁੱਛਣ ਦੀ ਰਫਤਾਰ ਨੂੰ ਠੀਕ ਰੱਖਣਾ ਚਾਹੀਦਾ ਹੈ। ਦਿੱਤੀ ਗਈ ਜਾਣਕਾਰੀ ਦਾ ਕਰਾਸ ਚੈਕਿੰਗ ਵੱਲ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਉੱਤਰਦਾਤਾ ਦੁਆਰਾ ਕਿਸੇ ਵਿਸ਼ੇ ਸਬੰਧੀ ਵਧਾ ਚੜ੍ਹਾ ਕੇ ਜਾਂ ਅਪ੍ਰਸੰਗਿਕ ਜਾਣਕਾਰੀ ਵੀ ਦੇ ਦਿਤੀ ਜਾਂਦੀ ਹੈ। ਅਜਿਹੀ ਹਾਲਤ ਵਿੱਚ ਬਦਲਵੇ ਅਤੇ ਵਧੇਰੇ ਰੋਸ਼ਨੀ ਪਾਉਣ ਵਾਲੇ ਪ੍ਰਸ਼ਨ ਪੁੱਛੇ ਜਾਣ ਅਤੇ ਇੰਟਰਵਿਊ ਦੇਣ ਵਾਲੇ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇ ਕਿ ਉਹ ਲੋੜੀਂਦੀ ਜਾਣਕਾਰੀ ਨੂੰ ਆਪਣੀ ਯਾਦਾਸ਼ਤ ਅੰਦਰ ਲਿਆਵੇ, ਤੱਥਾਂ ਅਤੇ ਜਾਣਕਾਰੀ ਨੂੰ ਵਧੇਰੇ, ਸਪਸ਼ਟ ਸ਼ੁੱਧ ਅਤੇ ਸਹੀ ਰੂਪ ਵਿਚ ਵਿਸਤਾਰ ਸਹਿਤ ਦੱਸ ਸਕੇ।

# ਇੰਟਰਵਿਊ ਦੀ ਸਮਾਪਤੀ

- ਇੰਟਰਵੀਊ ਨੂੰ ਮਿੱਥੇ ਕਾਰਜ ਕ੍ਰਮ ਅਨੁਸਾਰ ਖਤਮ ਕੀਤਾ ਜਾਣਾ ਚਾਹੀਦਾ ਹੈ ਜਾਂ ਉੱਤਰਦਾਤਾ ਦੇ ਥੱਕ ਜਾਣ ਉੱਤੇ ਖਤਮ ਕਰਨਾ ਚਾਹੀਦਾ ਹੈ ਜਾਂ ਫਿਰ ਉਸਨੂੰ ਉਸ ਸਮੇਂ ਨਿਮਰਤਾ ਸਹਿਤ ਖਤਮ ਕੀਤਾ ਜਾਣਾ ਚਾਹੀਦਾ ਹੈ ਜਦੋਂ ਸਾਰੀ ਲੋੜੀਂਦੀ ਸੂਚਨਾ ਇਕੱਠੀ ਕਰ ਲਈ ਜਾਵੇ। ਪਰ ਇਸ ਨੂੰ ਅਚਨਚੇਤ ਸਮਾਪਤ ਨਹੀਂ ਕੀਤਾ ਜਾਣਾ ਚਾਹੀਦਾ। ਖੋਜ ਵਿਗਿਆਨੀ ਦੁਆਰਾ ਉੱਤਰਦਾਤਾ ਦੇ ਸਹਿਜੋਗ ਅਤੇ ਕੀਮਤੀ ਜਾਣਕਾਰੀ ਪ੍ਰਾਪਤ ਕੀਤੇ ਜਾਣ ਲਈ ਧੰਨਵਾਦ ਕੀਤਾ ਜਾਵੇ।

# ਇੰਟਰਵਿਊ ਦੀ ਰਿਕਾਰਡਿੰਗ ਅਤੇ ਵਿਵਰਣ

- ਇੱਕ ਚੰਗੇ ਇੰਟਰਵਿਊ ਲਈ ਤੇਜ਼ ਅਤੇ ਸਹੀ ਰਿਕਾਰਡਿੰਗ ਪ੍ਰਣਾਲੀ ਬਹੁਤ ਜ਼ਰੂਰੀ ਹੈ। ਖੋਜ ਵਿਗਿਆਨੀ ਦੁਆਰਾ ਯਾਦਾਸ਼ਤ ਉੱਤੇ ਵਧੇਰੇ ਨਿਰਭਰ ਨਹੀਂ ਕੀਤਾ ਜਾ ਸਕਦਾ। ਇੰਟਰਵਿਊ ਦੌਰਾਨ ਖੋਜ ਵਿਗਿਆਨੀ ਦੁਆਰਾ ਉੱਤਰਦਾਤਾ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਸੰਖੇਪ ਰੂਪ ਵਿੱਚ ਮੌਕੇ ਤੇ ਹੀ ਕਲਮਬੱਧ ਕੀਤਾ ਜਾ ਸਕਦਾ ਹੈ। ਪਰ ਜਾਣਕਾਰੀ ਨੂੰ ਇੱਕ ਵਿਸਤ੍ਰਿਤ ਰੂਪ ਵਿੱਚ ਲਿਖਣ ਦੇ ਕਾਰਨ ਸੂਚਨਾ ਦਾ ਸੁਤੰਤਰ ਪ੍ਰਵਾਹ ਪ੍ਰਵਾਣਿਤ ਹੁੰਦਾ ਹੈ ਅਤੇ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਮੂਲ ਵਿਸ਼ੇ ਤੋਂ ਹੀ ਧਿਆਨ ਭਟਕ ਜਾਂਦਾ ਹੈ। ਇਸ ਲਈ ਇੰਟਰਵਿਊ ਕਰਤਾ ਦੁਆਰਾ ਜਾਣਕਾਰੀ ਦੇ ਮੁੱਖ ਕੇਂਦਰ ਬਿੰਦੂਆਂ ਨੂੰ ਸੰਖੇਪ ਵਿੱਚ ਲਿਖਿਆ ਜਾਵੇ ਜਾਂ ਫਿਰ ਰਿਕਾਰਡਿੰਗ ਤੇ ਇਲੈਕਟ੍ਰਾਨਿਕ ਯੰਤਰਾਂ ਜਿਵੇਂ ਕਿ ਟੇਪ ਰਿਕਾਰਡਰ ਅਤੇ ਕੈਮਰੇ ਆਦਿ ਦੀ ਸਹਾਇਤਾ ਲਈ ਜਾਵੇ। ਇਹ ਯੰਤਰ ਉੱਤਰਾਂ ਦੇ ਜ਼ਬਾਨੀ ਅਤੇ ਜਜ਼ਬਾਤੀ ਸਰੂਪ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਈ ਹੋ ਸਕਦੇ ਹਨ। ਇਹ ਫੈਸਲਾ ਖੋਜ ਦੇ ਵਿਸ਼ੇ ਨੂੰ ਸਾਹਮਣੇ ਰੱਖ ਕੇ ਲਿਆ ਜਾਵੇ ਕਿ ਇੰਟਰਵਿਊ ਦੇਣ ਵਾਲੇ ਨੂੰ ਇਹ ਦੱਸਿਆ ਜਾਵੇ ਕਿ ਉਸ ਦੇ ਇਸ ਇੰਟਰਵਿਊ ਨੂੰ ਰਿਕਾਰਡ ਕੀਤਾ ਜਾ ਰਿਹਾ ਹੈ ਜਾਂ ਉਸ ਦੀ ਫ਼ਿਲਮ ਤਿਆਰ ਕੀਤੀ ਜਾ ਰਹੀ ਹੈ।